# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ
**ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।**
**ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)**
**ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370**
**ਈ-ਮੇਲ:ddssa777@gmail.com Website: ssapunjab.org**


**ਇਨਫੋਰਸਮੈਂਟ ਸ਼ਾਖਾ**

ਹੁਕਮ ਨੰ: ਇਨਫੋਰਸਮੈਟ-2/Sgr/2013/

ਮਿਤੀ: ਐਸ.ਏ.ਐਸ ਨਗਰ

ਸ੍ਰੀ ਸੁਰਜੀਤ ਸਿੰਘ, ਸ:ਸ:ਮਾਸਟਰ, ਸਰਕਾਰੀ ਹਾਈ ਸਕੂਲ ਬਲਰਾਂ ਜਿਲ੍ਹਾ ਸੰਗਰੂਰ ਨੂੰ ਮਿਤੀ: 16-04-13 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਕਾਰਨ ਵੱਡੀ ਸਜ਼ਾ ਦੇਣ ਲਈ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਉਸ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾ, ਸੰਗਰੂਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।ਪੜਤਾਲੀਆ ਅਫਸਰ ਵੱਲੋ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਦਾ ਗੈਰ-ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।

ਪੜਤਾਲ ਰਿਪੋਰਟ ਦੇ ਆਧਾਰ ਤੇ ਦੋ ਅਖਬਾਰਾਂ ਵਿੱਚ ਦਿੱਤੇ ਪਬਲਿਕ ਨੋਟਿਸ ਰਾਹੀ ਸਬੰਧਤ ਕਰਮਚਾਰੀ ਨੂੰ 21 ਦਿਨ੍ਹਾ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਨਿੱਜੀ ਤੋਰ ਤੇ ਜਾਂ ਲਿਖਤੀ ਰੂਪ ਵਿੱਚ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ, ਪਰੰਤੂ ਕਰਮਚਾਰੀ ਵੱਲੋ ਨਿਰਧਾਰਤ ਸਮੇ ਦੇ ਅੰਦਰ ਅੰਦਰ ਆਪਣਾ ਪੱਖ ਪ੍ਰੇਸ ਕਰਨ ਲਈ ਕੋਈ ਪ੍ਰਤੀਬੇਨਤੀ ਨਹੀ ਕੀਤੀ ਗਈ।

ਇਸ ਲਈ ਮੈਂ ਅੰਜਲੀ ਭਾਵੜਾ, ਆਈ.ਏ.ਐਸ.ਪ੍ਰਮੁੱਖ ਸਕੱਤਰ,ਸਕੂਲ ਸਿੱਖਿਆ ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜੀ ਹਾਂ ਕਿ ਸ੍ਰੀ ਸੁਰਜੀਤ ਸਿੰਘ, ਸ:ਸ:ਮਾਸਟਰ, ਸਰਕਾਰੀ ਹਾਈ ਸਕੂਲ ਬਲਰਾਂ ਜਿਲ੍ਹਾ ਸੰਗਰੂਰ ਨੂੰ ਮਿਤੀ: 16-04-13 ਤੋ ਜਾਣ ਬੁੱਝ ਕੇ ਡਿਊਟੀ ਤੋ ਗੈਰ-ਹਾਜਰ ਹੈ ਅਤੇ ਉਹ ਸਰਕਾਰੀ ਸੇਵਾ ਕਰਨ ਵਿੱਚ ਦਿਲਚਸਪੀ ਨਹੀ ਰੱਖਦਾ। ਇਸ ਲਈ ਸ੍ਰੀ ਸੁਰਜੀਤ ਸਿੰਘ, ਸ:ਸ:ਮਾਸਟਰ, ਸਰਕਾਰੀ ਹਾਈ ਸਕੂਲ ਬਲਰਾਂ ਜਿਲ੍ਹਾ ਸੰਗਰੂਰ ਨੂੰ ਸਿਵਲ ਸੇਵਾਵਾਂ (ਸ਼ਜਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਵੱਡੀਆ ਸਜ਼ਾਵਾਂ ਦੇ ਨਿਯਮ (VIII) ਵਿੱਚ ਵਰਣਿਤ ਸ਼ਜਾ ਦਿੰਦੇ ਹੋਏ ਉਸ ਦੀਆ ਸੇਵਾਵਾਂ ਤਤਕਾਲ ਸਮੇ ਤੋ ਖਤਮ ਕੀਤੀਆ ਜਾਂਦੀਆ ਹਨ।

ਅੰ. ਭਾਵੜਾ

**ਅੰਜਲੀ ਭਾਵੜਾ,ਆਈ.ਏ ਐਸ.**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਕੂਲ ਸਿੱਖਿਆ**

ਪਿੰਠ ਅੰਕਣ ਨੰ: ਇਨਫੋਰਸਮੈਟ-2/Sgr/2013/ 4508-11 ਮਿਤੀ: ਐਸ.ਏ.ਐਸ ਨਗਰ: 16/5/14

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡੀ.ਪੀ.ਆਈ (ਸੈ:ਸਿ:)ਪੰਜਾਬ ।
2) ਮੰਡਲ ਸਿੱਖਿਆ ਅਫਸਰ ਪਟਿਆਲਾ ਮੰਡਲ ਨਾਭਾ।
3) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ਨਗਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਵਿਦੇਸ਼/ਪੱਕੇ ਪਤੇ ਤੇ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
4) ਸ ਸ੍ਰੀ ਸੁਰਜੀਤ ਸਿੰਘ, ਸ:ਸ:ਮਾਸਟਰ, ਸਰਕਾਰੀ ਹਾਈ ਸਕੂਲ ਬਲਰਾਂ ਜਿਲ੍ਹਾ ਸੰਗਰੂਰ

ਅੰ. ਭਾਵੜਾ

**ਅੰਜਲੀ ਭਾਵੜਾ,ਆਈ.ਏ ਐਸ.**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਕੂਲ ਸਿੱਖਿਆ**